ਇੱਕ ਸਮਾਜ ਦੇ ਤੌਰ ਤੇ ਅਸੀਂ ਕਾਫੀ ਕੂੜੇ ਦਾ ਨਿਰਮਾਣ ਕਰਦੇ ਹਾਂ ਜਿਸਦਾ ਪ੍ਰਬੰਧ ਉਚਿਤ ਢੰਗ ਦੇ ਨਾਲ ਹੋਣਾ ਚਾਹੀਦਾ ਹੈ ਤਾਂ ਜੋ ਜਨਤਾ ਦੇ ਸਿਹਤ ਅਤੇ ਵਾਤਾਵਰਨ ਨੂੰ ਹੋਣ ਵਾਲੇ ਖਤਰਿਆਂ ਨੂੰ ਘਟਾਇਆ ਜਾ ਸਕੇ। ਕੌਂਸਲ ਕੂੜੇ ਦੇ ਵਿਸਰਜਨ ਅਤੇ ਦੋਬਾਰਾ ਵਰਤੋਂ ਯੋਗ ਬਨਾਉਣ ਵਾਲੀਆਂ ਸੇਵਾਵਾਂ ਨੂੰ ਪ੍ਰਦਾਨ ਕਰਕੇ ਕੂੜੇ ਦੇ ਪ੍ਰਬੰਧ ਦੇ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਨਗਰ ਪਾਲਿਕਾ ਦੇ ਵਿਚ ਵਿਅਕਤੀਆਂ ਅਤੇ ਸੰਸਥਾਵਾਂ ਦੇ ਕਚਰੇ ਵਿਸਰਜਨ ਨੂੰ ਨਿਯੰਤਰਿਤ ਵੀ ਕਰਦੇ ਹਨ।

ਕੂੜੇ ਦੀਆਂ ਸੇਵਾਵਾਂ ਅਤੇ ਨਿਯਮ ਪ੍ਰਦਾਨ ਕਰਨ ਦੇ ਨਾਲ ਨਾਲ, ਕੌਂਸਲ ਨਿਯਮਿਤ ਤੌਰ ਤੇ ਸਲਾਹ ਅਤੇ ਸਿੱਖਿਆ ਵੀ ਪ੍ਰਦਾਨ ਕਰਦੇ ਹਨ ਤਾਂ ਜੋ ਲੋਕਾਂ ਨੂੰ ਉਹਨਾਂ ਦੇ ਕੂੜੇ ਦੇ ਜਿੰਮੇਵਾਰੀ ਦੇ ਨਾਲ ਵਿਸਰਜਨ ਦੇ ਵਿਚ ਸਹਿਯੋਗ ਪ੍ਰਦਾਨ ਕੀਤਾ ਜਾ ਸਕੇ ਅਤੇ ਪ੍ਰੇਰਿਤ ਕੀਤਾ ਜਾ ਸਕੇ।

ਕੂੜੇ ਨੂੰ ਇੱਕਠਾ ਕਰਨ ਦੇ ਲਈ ਹਰ ਇੱਕ ਕੌਂਸਲ ਦੇ ਪ੍ਰਦਰਸ਼ਨ ਨੂੰ Compare Councils ਸੈਕਸ਼ਨ ਵਿਚ ਦੇਖਿਆ ਜਾ ਸਕਦਾ ਹੈ ਅਤੇ ਤੁਲਨਾ ਕੀਤੀ ਜਾ ਸਕਦੀ ਹੈ। ਅਜਿਹਾ ਕਰਨ ਦੇ ਲਈ, ਸੂਚੀ ਵਿਚੋਂ ਤੁਲਨਾ ਕਰਨ ਦੇ ਤਹਿਤ ਸੇਵਾ ਖੇਤਰ ਆਈਕਨ ਦਾ ਚੁਣਾਵ ਕਰੋ, ਇਸ ਫਿਲਟਰ ਦੇ ਵਿਚੋਂ ਆਪਣੀ ਕੌਂਸਲ ਦਾ ਚੁਣਾਵ ਕਰੋ ਅਤੇ ਤਿੰਨ ਅਧਿਕ ਸਮਾਨ ਕੌਂਸਲਾਂ ਦਾ ਚੁਣਾਵ ਕਰਨ ਦੇ ਲਈ ਚੈਕ ਬਾਕਸ ਦਾ ਇਸਤੇਮਾਲ ਕਰੋ।

ਕੂੜੇ ਦੀਆਂ ਸੇਵਾਵਾਂ

ਕੌਂਸਲ ਭਾਈਚਾਰਿਆਂ ਦੇ ਲਈ ਕੂੜੇ ਦੇ ਡਿਸਪੋਜ਼ਲ ਅਤੇ ਰੀਸਾਈਕਲਿੰਗ ਸੇਵਾਵਾਂ ਦੀ ਇੱਕ ਰੇਂਜ ਪ੍ਰਦਾਨ ਕਰਦੇ ਹਨ। ਕੁਝ ਸੇਵਾਵਾਂ ਜਿਵੇਂ ਕਿ ਆਮ ਘਰ ਦੇ ਕਚਰੇ ਦਾ ਕਲੈਕਸ਼ਨ ਅਤੇ ਡਿਸਪੋਜ਼ਲ ਸਾਰੇ ਕੌਂਸਲਾਂ ਦੇ ਲਈ ਸਾਂਝਾ ਹੈ। ਦੂਜੀਆਂ ਸੇਵਾਵਾਂ ਵੱਖ ਹੋ ਸਕਦੀਆਂ ਹਨ ਜੋ ਕਿ ਉਚਿਤ ਭਾਈਚਾਰਿਆਂ ਦੀ ਲੋੜਾਂ ਅਤੇ ਪ੍ਰਾਥਮਿਕਤਾਵਾਂ ਤੇ ਨਿਰਭਰ ਕਰਦਾ ਹੈ।

ਤੁਹਾਡੇ ਖੇਤਰ ਦੇ ਵਿਚ ਖਾਸ ਕਚਰੇ ਦੇ ਡਿਸਪੋਜ਼ਲ ਅਤੇ ਰੀਸਾਈਕਲਿੰਗ ਸੇਵਾਵਾਂ ਦੇ ਬਾਰੇ ਜਾਣਕਾਰੀ ਲੈਣ ਦੇ ਲਈ ਆਪਣੀ ਕੌਂਸਲ ਦੇ ਨਾਲ ਸੰਪਰਕ ਕਰੋ।

ਕੌਂਸਲਾਂ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਖਾਸ ਕਚਰੇ ਦੀਆਂ ਸੇਵਾਵਾਂ ਦੇ ਵਿਚ ਹੇਠ ਲਿਖੇ ਸ਼ਾਮਲ ਹਨ:

- ਆਮ ਘਰ ਦੇ ਕੂੜੇ ਦਾ ਸੜਕ ਦੇ ਕੰਢਿਓ ਇਕੱਠਾ ਕਰਨਾ ਅਤੇ ਵਿਸਰਜਨ
- ਸਖਤ ਕੂੜੇ ਨੂੰ ਇਕੱਠਾ ਕਰਨਾ
- ਸੜਕ ਦੇ ਕੰਢਿਓ ਇਕੱਠਾ ਕਰਨ ਵਿੱਚ ਦੋਬਾਰਾ ਵਰਤੋਂ ਯੋਗ ਬਨਾਉਣ ਵਾਲੀਆਂ ਸੇਵਾਵਾਂ ਦੇ ਵਿਚ ਕਾਗਜ਼, ਗਲਾਸ, ਪਲਾਸਟਿੱਕ ਅਤੇ ਧਾਤ ਦੀ ਰਹਿੰਦ ਖੂੰਦ ਸ਼ਾਮਲ ਹੈ
- ਸੜਕ ਦੇ ਕੰਢਿਓ ਬਾਗ ਦੀਆਂ ਜੈਵਿਕ ਇਕੱਠਾ ਕਰਨ ਦੀਆਂ ਸੇਵਾਵਾਂ ਜਾਂ ਸੜਕ ਦੇ ਕੰਢਿਓ ਭੋਜਨ (ਰਸੋਈ) ਜੈਵਿਕ ਅਤੇ ਬਾਗ ਦੀਆਂ ਜੈਵਿਕ ਸੇਵਾਵਾਂ
- ਦੂਜੀਆਂ ਖਾਸ ਚੀਜਾਂ ਦੇ ਤਹਿਤ ਵਿਸਰਜਨ ਅਤੇ/ਜਾਂ ਦੋਬਾਰਾ ਵਰਤੋਂ ਯੋਗ ਬਨਾਉਣ ਵਾਲੀਆਂ ਦੇ ਲਈ ਸੁੱਟ ਕੇ ਆਉਣਾ ਜਿਸ ਵਿਚ ਧਾਤ, ਰਸਾਇਣ, ਤੇਲ, ਈ ਵੇਸਟ, ਕਾਗਜ਼, ਬਾਗ ਦੇ ਜੈਵਿਕ ਜਾਂ ਪ੍ਰਿੰਟਰ ਕਾਰਟਰਿੱਜ ਸ਼ਾਮਲ ਹਨ।
- ਵਿਸਰਜਨ ਅਤੇ ਦੋਬਾਰਾ ਵਰਤੋਂ ਯੋਗ ਬਨਾਉਣ ਵਾਲੀਆਂ ਸੇਵਾਵਾਂ ਦੇ ਲਈ ਸਾਧਨ ਰਿਕਵਰੀ ਕੇਂਦਰਾਂ/ਟਰਾਂਸਫਰ ਸਟੇਸ਼ਨਾਂ ਦਾ ਆਪਰੇਸ਼ਨ
- ਕੂੜੇ ਦੇ ਵਿਸਰਜਨ ਦੇ ਲਈ ਜ਼ਮੀਨ ਨੂੰ ਭਰਨ ਦਾ ਆਪਰੇਸ਼ਨ

VICTORIA State Government | Environment, Land, Water and Planning

- ਪਾਸੇ ਕੱਢੀ ਗਈ ਸਮੱਗਰੀ ਨੂੰ ਵੇਚਣ ਦੇ ਲਈ ਰੀ ਸੇਲ ਦੁਕਾਨਾਂ ਦਾ ਆਪਰੇਸ਼ਨ
- ਖਾਸ ਹਾਲਾਤਾਂ ਦੇ ਵਿਚ ਕੂੜੇ ਨੂੰ ਹਟਾਉਣ ਦੀ ਵਪਾਰਕ ਸੇਵਾਵਾਂ
- ਕੂੜੇ, ਸਾਧਨ ਰਿਕਵਰੀ ਅਤੇ ਰਹਿੰਦ ਖੂੰਦ ਦੇ ਬਾਰੇ ਸਮਾਜਿਕ ਸਿੱਖਿਆ ਸੇਵਾਵਾਂ
- ਕੂੜੇ ਦੇ ਇਕੱਠੇ ਕਰਨ ਅਤੇ ਦੋਬਾਰਾ ਵਰਤੋਂ ਯੋਗ ਬਨਾਉਣ ਵਾਲੀਆਂ ਦੇ ਲਈ ਜਨਤਾ ਵਿਚ ਰੱਖੇ ਗਏ ਕੂੜੈਦਾਨਾਂ ਦਾ ਪ੍ਰਬੰਧ ਅਤੇ ਸੇਵਾ

ਸੇਵਾਵਾਂ ਨੂੰ ਪ੍ਰਦਾਨ ਕਰਨ ਦਾ ਤਰੀਕਾ ਵੱਖ ਵੱਖ ਖੇਤਰਾਂ ਦੇ ਲਈ ਵੱਖਰਾ ਹੋ ਸਕਦਾ ਹੈ। ਭਾਵੇਂ ਘਰ ਦੇ ਕੂੜੇ ਦੀਆਂ ਸੇਵਾਵਾਂ ਦੇ ਤਹਿਤ ਨਿਯਮਿਤ ਤੌਰ ਤੇ ਕੂੜੇਦਾਨ ਨੂੰ ਖਾਲੀ ਕਰਨ ਪੈਂਦਾ ਹੈ, ਪਰ ਕਈ ਖੇਤਰਾਂ ਦੇ ਵਿਚ ਘਰ ਦੇ ਕੂੜੇ ਨੂੰ ਸਾਧਨ ਰਿਕਵਰੀ ਕੇਂਦਰ/ਟਰਾਂਸਫਰ ਸਟੇਸ਼ਨਾਂ ਤੇ ਵਿਸਰਜਨ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਵਿਅਕਤੀਗਤ ਘਰ ਦੇ ਕੂਵੇਦਾਨਾਂ ਜਾਂ ਸਾਧਨ ਰਿਕਵਰੀ ਕੇਂਦਰਾਂ/ਟਰਾਂਸਫਰ ਸਟੇਸ਼ਨ ਜਾਂ ਨਗਰ ਪਾਲਿਕਾ ਦੇ ਵਿਚ ਡੀਪੂ ਤੋਂ ਇਕੱਠਾ ਕਰਨ ਦੇ ਤਹਿਤ ਦੋਬਾਰਾ ਵਰਤੋਂ ਯੋਗ ਬਨਾਉਣ ਵਾਲੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਬਹੁਤ ਸਾਰੇ ਕੌਂਸਲ ਰੇਟਸ ਸਿਸਟਮ ਦੇ ਭਾਗ ਦੇ ਤੌਰ ਤੇ ਕੜੇ ਦੇ ਚਾਰਜ ਨੂੰ ਸ਼ਾਮਲ ਕਰਦੀਆਂ ਹਨ। ਇਹ ਪ੍ਰਦਾਨ ਕੀਤੇ ਗਏ ਬਿਨ ਦੇ ਆਕਾਰ ਤੇ ਨਿਰਭਰ ਕਰਦਾ ਹੈ

ਕੂੜੇ ਦਾ ਨਿਯੰਤਰਣ

ਕੌਂਸਲ ਕੂੜੇ ਦੇ ਡਿਸਪੋਜ਼ਲ ਨੂੰ ਕੰਟਰੋਲ ਕਰਨ ਲਈ ਸਥਾਨਕ ਕਾਨੂੰਨਾਂ ਦਾ ਨਿਰਮਾਣ ਕਰਦੀਆਂ ਹਨ ਅਤੇ ਉਹਨਾਂ ਨੂੰ ਲਾਗੂ ਕਰਦੀਆਂ ਹਨ ਅਤੇ ਇਸਦੇ ਨਾਲ ਹੀ ਵਿਕਟੋਰੀਅਨ ਰਾਜ ਕਾਨੂੰਨ ਦੇ ਅਧੀਨ ਕੁਝ ਕੂੜੇ ਦੇ ਨਾਲ ਸੰਬੰਧਿਤ ਕੰਮਾਂ ਨੂੰ ਨਿਯੰਤਰਣ ਕੀਤਾ ਜਾ ਸਕੇ, ਜਿਸ ਵਿਚ ਹੇਠ ਲਿਖੇ ਸ਼ਾਮਲ ਹਨ:

- ਖਤਰਨਾਕ ਪਰਦੂਸ਼ਨਾਂ ਦਾ ਵਿਸਰਜਨ ਜਿਵੇਂ ਕਿ ਐਸਬੇਸਟੋਸ
- ਘਰੇਲੂ ਗੰਦਾ ਪਾਣੀ (ਸੀਵੇਜ) ਸਿਸਟਮ
- ਕੂੜਾ ਸੁੱਟਣਾ
- ਇਨਸਿਨਰੇਟਰ ਦਾ ਇਸਤੇਮਾਲ ਅਤੇ ਸਾੜਨਾ
- ਕੌਂਸਲ ਵੇਸਟ ਡਿਸਪੋਜ਼ਲ ਸੇਵਾਵਾਂ ਦਾ ਉਚਿਤ ਇਸਤੇਮਾਲ

ਹੋਰ ਜਾਣਕਾਰੀ ਦੇ ਲਈ ਆਪਣੀ ਕੌਂਸਲ ਜਾਂ Environment Protection Authority (EPA) ਨਾਲ ਸੰਪਰਕ ਕਰੋ

ਜੇ ਤੁਹਾਨੂੰ ਸਹਿਯੋਗ ਦੀ ਲੋੜ ਹੈ, ਕਿਰਪਾ ਕਰਕੇ ਅਨੁਵਾਦ ਅਤੇ ਦੋਭਾਸ਼ੀਏ ਦੇ ਸਹਿਯੋਗ ਦੇ ਲਈ ਅਨੁਵਾਦ ਅਤੇ ਦੋਭਾਸ਼ੀਆ ਸੇਵਾ (TIS) ਦੇ ਨਾਲ ਸੰਪਰਕ ਕਰੋ।

131 450 ਤੇ TIS National ਦੇ ਨਾਲ ਸੰਪਰਕ ਕਰੋ (ਆਸਟਰੇਲੀਆ ਦੇ ਵਿਚ) ਜਾਂ www.tisnational.gov.au ਤੇ ਜਾਓ।